CITY OF VANCOUVER

# ਜੀ ਆਇਆਂ ਨੂੰ!




## ਪੰਜਾਬੀ ਮਾਰਕੀਟ ਅਗਲੇ ਸਾਲ ਪੰਜਾਹ ਵਰ੍ਹਿਆਂ ਦੀ ਹੋ ਰਹੀ ਹੈ।

**ਇਸ ਸਾਲ ਦੇ ਸ਼ੁਰੂ ਜਿਹੇ 'ਚ ਸਿਟੀ ਕੌਂਸਲ ਨੇ ਸਟਾਫ ਨੂੰ ਮਾਰਕੀਟ ਦੀ ਵਰ੍ਹੇਗੰਢ ਨਾਲ ਜੁੜੇ ਮੌਕਿਆਂ ਦੀ ਪੜਚੋਲ ਕਰਨ ਦੇ ਨਿਰਦੇਸ਼ ਦਿੱਤੇ ਸਨ।**

**ਇਸ ਓਪਨ ਹਾਊਸ ਦਾ ਉਦੇਸ਼ ਵਸਨੀਕਾਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਹੇਠ ਲਿਖਿਆਂ ਵਾਸਤੇ ਮੌਕਾ ਪ੍ਰਦਾਨ ਕਰਨਾਂ ਹੈ:**

- ਪੰਜਾਬੀ ਮਾਰਕੀਟ ਦੀ 50ਵੀਂ ਵਰ੍ਹੇਗੰਢ ਨਾਲ ਸਬੰਧਤ ਕੌਂਸਲ ਦੇ ਮਤੇ ਅਤੇ ਉਤਪੰਨ ਹੋਣ ਵਾਲੇ ਮੌਕਿਆਂ ਬਾਰੇ **ਵਧੇਰੇ ਜਾਨਣਾ**
- ਮਾਰਕੀਟ ਏਰੀਏ ਵਿਚਲੀ ਜਨਤਕਕ ਥਾਂ ਦੇ ਵਿਕਾਸ ਵਿਕਲਪਾਂ ਨਾਲ ਸਬੰਧਤ ਵਿਚਾਰਾਂ ਅਤੇ ਪ੍ਰਥਮਤਾਵਾਂ ਦੀ **ਪੁਨਰ-ਪੜਚੋਲ ਕਰਨਾਂ**
- ਪੰਜਾਬੀ ਮਾਰਕੀਟ ਦੇ ਭਵਿੱਖ ਬਾਰੇ **ਆਪਣੇ ਵਿਚਾਰ ਸਾਂਝੇ ਕਰਨਾਂ**




Photo courtesy of Michael Kwan (via Flickr)



# ② ਮਾਰਕੀਟ 'ਚ ਤੁਸੀਂ ਕਿੱਥੇ ਰਹਿੰਦੇ, ਕੰਮ ਕਰਦੇ ਜਾਂ ਪੜ੍ਹਦੇ ਹੋ?

CITY OF VANCOUVER

ਮਾਰਕੀਟ ਏਰੀਏ 'ਚ ਤੁਸੀਂ ਜਿੱਥੇ ਰਹਿੰਦੇ, ਕੰਮ ਕਰਦੇ, ਪੜ੍ਹਦੇ ਜਾਂ ਖਰੀਦਦਾਰੀ ਕਰਦੇ ਹੋ, ਨਕਸ਼ੇ 'ਚ ਉਸ ਥਾਂ 'ਤੇ ਨਿਸ਼ਾਨ ਲਗਾਉ।



# 3 ਮਾਰਕੀਟ ‘ਚ ਤੁਸੀਂ ਕਿੱਥੇ ਰਹਿੰਦੇ, ਕੰਮ ਕਰਦੇ ਜਾਂ ਪੜ੍ਹਦੇ ਹੋ?

CITY OF VANCOUVER

ਮਾਰਕੀਟ ਏਰੀਏ ‘ਚ ਤੁਸੀਂ ਜਿੱਥੇ ਰਹਿੰਦੇ, ਕੰਮ ਕਰਦੇ, ਪੜ੍ਹਦੇ ਜਾਂ ਖਰੀਦਦਾਰੀ ਕਰਦੇ ਹੋ, ਨਕਸ਼ੇ ‘ਚ ਉਸ ਥਾਂ ‘ਤੇ ਨਿਸ਼ਾਨ ਲਗਾਉ।






## ਜੂਨ, 2019 ‘ਚ ਸਿਟੀ ਕੌਂਸਲ ਨੇ ਇਹ ਮਤਾ ਪਾਸ ਕੀਤਾ ਜਿਹੜਾ

1. ਪੰਜਾਬੀ ਮਾਰਕੀਟ ਦੀ ਇਤਿਹਾਸਕ ਅਤੇ ਅਜੋਕੀ ਮਹਾਨਤਾ ਦੀ ਪ੍ਰੋੜਤਾ ਕਰਦਾ ਹੈ
2. 31 ਮਈ 2020 ਦੇ ਦਿਨ ਦੀ “ਪੰਜਾਬੀ ਮਾਰਕੀਟ ਦਿਵਸ”- ਪੰਜਾਬੀ ਮਾਰਕੀਟ ਦੀ 50ਵੀਂ ਵਰ੍ਹੇਗੰਢ ਵਜੋਂ ਪਛਾਣ ਕਰਦਾ ਹੈ।

## ਮਤੇ ਨੇ ਸਿਟੀ ਸਟਾਫ ਨੂੰ ਨਿਰਦੇਸ਼ ਵੀ ਦਿੱਤੇ ਕਿ

3. ਮਾਰਕੀਟ ਨਾਲ ਸਬੰਧਤ ਇਸ ਤਰੀਕ ਤੱਕ ਹੋਏ ਕੰਮ ਦੀ ਰਿਪੋਰਟ ਪੇਸ਼ ਕੀਤੀ ਜਾਵੇ
4. ਜਨਤਕ ਖੇਤਰ ਦੇ ਮੌਕਿਆਂ ਅਤੇ ਹੋਰ “ਝਟਪਟੀਆਂ ਪ੍ਰਾਪਤੀਆਂ” ਦੀ ਪਛਾਣ ਕੀਤੀ ਜਾਵੇ ਜੋ 50ਵੀਂ ਵਰ੍ਹੇਗੰਢ ਤੋਂ ਅਗੇਤੀਆਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ
5. ਮਾਰਕੀਟ ਦੇ ਭਵਿੱਖ ਦੀ ਕਲਪਨਾਂ ਕਰਨ ਲਈ ਇਕ ਸਹਿਯੋਗੀ ਭਾਈਚਾਰਕ ਪ੍ਰਕਿਰਿਆ ਦੀ ਸਿਰਜਨਾ ਕੀਤੀ ਜਾਵੇ
6. ਮਾਰਕੀਟ ਵਿਚ ਮੌਕਿਆਂ ਨੂੰ ਹੋਰ ਅਗੇਰੇ ਵਧਾਉਣ ਲਈ ਪਾਰਕ ਬੋਰਡ, ਸਕੂਲ ਬੋਰਡ, ਸੂਬਾਈ ਅਤੇ ਫੈਡਰਲ ਸਰਕਾਰਾਂ ਅਤੇ ਸਥਾਨਕ ਫਸਟ ਨੇਸ਼ਨਜ਼ ਨਾਲ ਕੰਮ ਕੀਤਾ ਜਾਵੇ।
7. ਇਸ ਕੰਮ ‘ਤੇ ਵਿਭਿੰਨਤਾ, ਐਕੁਇਟੀ ਅਤੇ ਸ਼ਮੂਲੀਅਤ ਦੇ ਲੈਨਜ਼ ਲਾਗੂ ਕੀਤੇ ਜਾਣ

**ਅੱਜ ਦੀ ਮੀਟਿੰਗ ਜ਼ਿਆਦਾਤਰ ਇਸ ਮਤੇ ਦੀਆਂ (3), (4) ਅਤੇ (5) ਆਈਟਮਾਂ ਦੇ ਬਾਰੇ ‘ਚ ਹੈ।**

# ਪੰਜਾਬੀ ਮਾਰਕੀਟ ਦਾ ਇਕ ਸੰਖੇਪ ਇਤਿਹਾਸ

CITY OF VANCOUVER



Photo courtesy of the City of Vancouver Archives.

## ਵੈਨਕੂਵਰ ਦੇ ਫਸਟਨੇਸ਼ਨ ਆਦਿ ਵਾਸੀ ਸਥਾਨ

ਵੈਨਕਵਰ ਤਿੰਨ ਕੋਸਟ ਸੈਲਿਸ਼ ਫਸਟ ਨੇਸ਼ਨਾਂ Coast Salish First Nations, the Musqueam, Squamish ਅਤੇ Tsleil-Waututh, ਦੇ ਰਵਾਇਤੀ ਖੇਤਰਾਂ 'ਤੇ ਸਥਿੱਤ ਹੈ ਜਿਨ੍ਹਾਂ ਦਾ ਇਸ ਜ਼ਮੀਨ ਨਾਲ ਸਬੰਧ ਹਜ਼ਾਰਾਂ ਵਰ੍ਹੇ ਪਿੱਛੇ ਤੱਕ ਜਾਂਦਾ ਹੈ।

ਭਾਵੇਂ ਪੰਜਾਬੀ ਮਾਰਕਿਟ ਫਸਟ ਨੇਸ਼ਨਾਂ ਦੇ ਮੌਸਮੀ ਜਾਂ ਸਥਾਈ ਪਿੰਡ ਦੀ ਜਗ੍ਹਾ 'ਤੇ ਨਹੀਂ ਸੀ ਵੱਸੀ, ਇਹ ਫਰੇਜ਼ਰ ਦਰਿਆ ਦੇ ਨਾਲ ਲੱਗਦੇ ਦੋ Musqueam ਇਤਿਹਾਸਕ ਸਥਾਨਾਂ ਦੇ ਕਾਫੀ ਨੇੜੇ ਸਥਿੱਤ ਹੈ।



Photo courtesy of the City of Vancouver Archives.

## ਆਰੰਭਕ ਆਬਾਦਕਾਰਾਂ ਦਾ ਇਤਿਹਾਸ

ਮੌਜੂਦਾ ਸਮੇਂ ਪੰਜਾਬੀ ਮਾਰਕੀਟ ਦੇ ਕਬਜ਼ੇ ਹੇਠਲਾ ਖੇਤਰ ਸ਼ੁਰੂ 'ਚ ਦੱਖਣੀ ਵੈਨਕੂਵਰ ਮਿਊਂਸਪੈਲਿਟੀ ਦੇ ਹਿੱਸੇ ਵਜੋਂ ਰੱਖਿਆ ਗਿਆ ਸੀ।

ਇਸ ਦੇ ਆਰੰਭਕ ਇਤਿਹਾਸ 'ਚੋਂ ਬਹੁਤੇ ਸਮੇਂ ਲਈ ਸੰਨਸੈਟ ਖੇਤਰ 'ਚ ਕਈ ਪ੍ਰਕਾਰ ਦੀਆਂ ਗਤੀਵਿਧੀਆਂ, ਜਿਨ੍ਹਾਂ 'ਚ ਲੱਕੜ ਕੱਟਣਾ ਅਤੇ ਖੇਤੀਬਾੜੀ ਸ਼ਾਮਲ ਸੀ, ਵੇਖਣ ਨੂੰ ਮਿਲਦੀਆਂ ਰਹੀਆਂ। 20ਵੀਂ ਸਦੀ ਦੇ ਆਰੰਭ 'ਚ ਇਕ ਸਟਰੀਟ ਕਾਰ ਲਾਈਨ ਸਥਾਪਤ ਕੀਤੀ ਗਈ, ਅਤੇ 1930ਵਿਆਂ ਅਤੇ 1940ਵਿਆਂ ਦੌਰਾਨ ਇਸ ਖੇਤਰ ਦੀ ਪੇਂਡੂ ਦਿੱਖ ਹੌਲੀ ਹੌਲੀ ਮੌਜੂਦਾ ਰਿਹਾਇਸ਼ੀ ਨੇਬਰਹੁੱਡ 'ਚ ਤਬਦੀਲ ਹੁੰਦੀ ਗਈ। ਦੂਸਰੇ ਵਿਸ਼ਵ ਯੁੱਧ ਤੋਂ ਮਗਰੋਂ ਇੰਮੀਗਰੇਸ਼ਨ (ਮੂਲ ਰੂਪ 'ਚ ਯੂਰਪੀ) ਦੀਆਂ ਉਪਰੋਥਲੀ ਧਾੜਾਂ ਨੇ ਇਸ ਨੂੰ ਹੋਰ ਤੇਜ਼ ਕੀਤਾ।

# 6 ਪੰਜਾਬੀ ਮਾਰਕੀਟ ਦਾ ਇਕ ਸੰਖੇਪ ਇਤਿਹਾਸ

CITY OF VANCOUVER

## ਪੰਜਾਬੀ ਮਾਰਕੀਟ ਦਾ ਹੋਂਦ ‘ਚ ਆਉਣਾ




1960ਵਿਆਂ ‘ਚ ਕੈਨੇਡਾ ਦੀਆਂ ਇੰਮੀਗਰੇਸ਼ਨ ਪਾਲਿਸੀਆਂ ਬਦਲ ਗਈਆਂ, ਜਿਨ੍ਹਾਂ ਨਾਲ ਚੀਨ, ਭਾਰਤ, ਕੋਰੀਆ, ਫਿਲੀਪੀਨਜ਼ ਅਤੇ ਵੀਅਤਨਾਮ ਤੋਂ ਨਵੇਂ ਲੋਕਾਂ ਦਾ ਆਉਣਾ ਸ਼ੁਰੂ ਹੋਇਆ। ਉਨ੍ਹਾਂ ‘ਚ ਪੰਜਾਬੀ ਕਾਰੋਬਾਰੀ ਉੱਦਮੀ ਵੀ ਸਨ ਜਿਨ੍ਹਾਂ ਨੇ ਮੇਨ ਸਟਰੀਟ ਦੇ ਨਾਲ ਮੌਜੂਦ ਰਿਟੇਲ ਏਰੀਏ ‘ਚ ਦੁਕਾਨਾਂ ਖੋਲ੍ਹੀਆਂ।

ਪਹਿਲੇ ਪੰਜਾਬੀ ਬਿਜ਼ਨਸ ਨੇ ਮਈ 1970 ‘ਚ ਆਪਣੇ ਦਰਵਾਜ਼ੇ ਖੋਲ੍ਹੇ ਅਤੇ ਇਕ ਸਾਲ ਮਗਰੋਂ ਉਥੇ ਦੁਕਾਨਾਂ ਦੀ ਤਿੱਕੜੀ ਬਣ ਗਈ। ਉਥੋਂ ਮਾਰਕੀਟ ਸ਼ਹਿਰ ਅਤੇ ਖੇਤਰ ਦੋਹਾਂ ‘ਚ ਦੱਖਣ ਏਸ਼ੀਆਈ ਬਿਜ਼ਨਸ, ਸਮਾਜਿਕ ਅਤੇ ਸੱਭਿਆਚਾਰਕ ਜ਼ਿੰਦਗੀ ਦੇ ਕੇਂਦਰ ਬਿੰਦੂ ਬਣਨ ਤੱਕ ਲਗਾਤਾਰ ਵਧਦੀ ਗਈ।

1990 ‘ਚ ਆਪਣੀ ਸਿਖਰ ਵੇਲੇ ਪੰਜਾਬੀ ਮਾਰਕੀਟ ‘ਚ, ਮੰਨਿਆਂ ਜਾਂਦਾ ਹੈ ਕਿ 300 ਤੋਂ ਵੱਧ ਬਿਜ਼ਨਸ ਚੱਲ ਰਹੇ ਸਨ ਅਤੇ ਮੰਨਿਆਂ ਜਾਂਦਾ ਹੈ ਕਿ ਦੱਖਣੀ ਏਸ਼ੀਆ ਤੋਂ ਬਾਹਰ ਇਹ ਸਭ ਤੋਂ ਵੱਡੀ ਦੱਖਣ ਏਸ਼ੀਆਈ ਮਾਰਕੀਟ ਰਹੀ ਹੈ। ਮਾਰਕੀਟ ਦਾ ਵਿਕਾਸ ਅਤੇ ਪੁਨਰ-ਉਸਾਰ ਹਮੇਸ਼ਾਂ ਸੌਖਾ ਨਹੀਂ ਸੀ ਰਿਹਾ। ਇਸਦੇ ਰਸਤੇ ‘ਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਸਨ ਜਿਨਾਂ ‘ਚ ਸ਼ਾਮਲ ਸਨ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਅਤੇ ਵਡੇਰੀ ਕਮਿਊਨਿਟੀ ਵੱਲੋਂ ਟੁੱਟਵਾਂ ਸਹਿਯੋਗ ਅਤੇ ਵਿਤਕਰੇ, ਨਸਲਵਾਦ ਅਤੇ ਸਮਾਜਿਕ ਨਿਸ਼ੇਧ ਨਾਲ ਸਬੰਧਤ ਸਮੱਸਿਆਵਾਂ।




1993 ‘ਚ ਇਸ ਏਰੀਏ ਦੀ ਦੋ-ਭਾਸ਼ੀ “ਪੰਜਾਬੀ ਮਾਰਕੀਟ” ਸਾਈਨਾਂ ਨਾਲ ਪਛਾਣ ਬਣਾਈ ਗਈ, ਅਤੇ ਏਰੀਏ ਨੂੰ ਪੰਜਾਬੀ ਸੱਭਿਆਚਾਰ ਦੇ ਖੇਤਰੀ ਕੇਂਦਰ ਵੱਲੋਂ ਔਪਚਾਰਕ ਰੂਪ ‘ਚ ਮਨਜ਼ੂਰ ਕੀਤਾ ਗਿਆ। ਇਹ ਰੁਤਬਾ ਸਥਾਨਕ ਵਿਉਪਾਰੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੇ ਸਮੇਂ, ਯਤਨ ਅਤੇ ਨਿਸ਼ਠਾ, ਜਿਨ੍ਹਾਂ ਦਾ ਵੱਡਾ ਰੋਲ ਸੀ, ਕਾਰਨ ਪ੍ਰਾਪਤ ਹੋਇਆ।

ਆਪਣੀਆਂ ਕਈ ਸਾਰੀਆਂ ਦੁਕਾਨਾਂ ਅਤੇ ਸੇਵਾਵਾਂ ਤੋਂ ਇਲਾਵਾ ਮਾਰਕੀਟ ਨੇ ਕਈ ਸਾਲਾਂ ਤੱਕ ਸਲਾਨਾਂ ਦਿਵਾਲੀ ਜ਼ਸ਼ਨਾਂ ਅਤੇ ਸਿਟੀ ਦੀ ਵਿਸਾਖੀ ਪਰੇਡ ਦੀ ਮੇਜ਼ਬਾਨੀ ਕੀਤੀ। ਇਨ੍ਹਾਂ ਸਲਾਨਾਂ ਈਵੈਂਟਾਂ ‘ਤੇ ਨੇਬਰਹੁੱਡ ‘ਚ ਹਜ਼ਾਰਾਂ ਦੀ ਗਿਣਤੀ ‘ਚ ਲੋਕ ਆਉਂਦੇ ਹਨ।



Photo courtesey of Mike (Flickr)

# 7 ਪੰਜਾਬੀ ਮਾਰਕੀਟ ‘ਚ ਸਿਟੀ ਵੱਲੋਂ ਕੀਤੇ ਕੰਮ

CITY OF VANCOUVER



2002 — **ਸੰਨਸੈੱਟ ਕਮਿਊਨਿਟੀ ਵਿਜ਼ਨ** ਮਨਜ਼ੂਰ ਹੋਈ, ਸੰਨਸੈੱਟ ਨੇਬਰਹੁੱਡ ਲਈ ਉੱਚ-ਪੱਧਰੀ ਨਿਰਦੇਸ਼ ਤੈਅ ਕੀਤੇ ਗਏ। ਵਿਜ਼ਨ ਵਿਚ ਇਕ ਚੈਪਟਰ ਪੰਜਾਬੀ ਮਾਰਕੀਟ ਬਾਰੇ ਹੈ ਜਿਸ ‘ਚ 17 ਪਾਲਿਸੀਆਂ ਹਨ ਜੋ ਰਿਟੇਲ ਗਤੀਵਿਧੀਆਂ, ਜਨਤਕ ਥਾਵਾਂ, ਟ੍ਰਾਂਸਪੋਰਟੇਸ਼ਨ ਅਤੇ ਪੈਦਲ ਯਾਤਰੀਆਂ ਦੀ ਸੁਰੱਖਿਆ ਵਰਗੇ ਵਿਸ਼ਿਆਂ ਨਾਲ ਸਬੰਧਤ ਹਨ।



2016 — ਨੇਬਰਹੁੱਡ ‘ਚ **ਰੀ–ਜ਼ੋਨਿੰਗ ਦੀਆਂ** ਦੋ **ਅਰਜ਼ੀਆਂ** ਦਾ ਨਤੀਜਾ ਪੰਜਾਬੀ ਮਾਰਕੀਟ ਏਰੀਏ ਦੇ ਭਵਿੱਖ ਬਾਰੇ ਫਿਕਰਾਂ ਦੀ ਪਛਾਣ ਕਰਨ ‘ਚ ਨਿਕਲਿਆ।




2016-17 — ਸਿਟੀ ਸਟਾਫ ਨੇ ਮਾਰਕੀਟ ਦਾ **ਮੁੱਢਲਾ ਮੁਲਾਂਕਣ** ਕੀਤਾ ਜੋ ਰਿਟੇਲ, ਜਨਤਕ ਥਾਂ ਅਤੇ ਜ਼ਮੀਨ ਦੀ ਵਰਤੋਂ ‘ਤੇ ਵਿਚਾਰ ਕਰਨ ਨੂੰ ਵੇਖਦਾ ਹੈ।



2017-18 — ਇਕ ਸਲਾਹਕਾਰ ਟੀਮ ਵੱਲੋਂ ਮਾਰਕੀਟ ਦਾ **ਰਿਟੇਲ ਅਧਿਐਨ** ਕੀਤਾ ਗਿਆ-ਜਿਹੜਾ ਮਾਰਕੀਟ ‘ਚ ਬਿਜ਼ਨਸ ‘ਤੇ ਪ੍ਰਭਾਵ ਪਾਉਂਦੀਆਂ ਗੱਲਾਂ ਅਤੇ ਇਸ ਏਰੀਏ ਨੂੰ ਪੁਨਰ-ਜੀਵੰਤ ਕਰਨ ਦੇ ਮੌਕਿਆਂ ਦੀ ਪਛਾਣ ਕਰਦਾ ਹੈ।




2019 — ਮਾਰਕੀਟ ਵਿਚ ਇਤਿਹਾਸਕ ਅਤੇ ਅਜੋਕੀਆਂ ਸੰਪਤੀਆਂ ਦੀ ਪਛਾਣ ਕਰਨ ਲਈ – **ਹਿਸਟੌਰੀਕਲ ਕੌਨਟੈਕਸਟ ਸਟੇਟਮੈਂਟ** ਦੀ ਤਿਆਰੀ ਦਾ ਕੰਮ ਚੱਲ ਰਿਹਾ ਹੈ।



2019 — **ਕੌਂਸਲ ਦਾ ਮਤਾ** – ਬੋਰਡ #3 ਵੇਖੋ

**ਅੱਜ** — ਪੰਜਾਬੀ ਮਾਰਕੀਟ ਰੀ-ਜੈਨਰੇਸ਼ਨ ਕੁਲੈਕਟਿਵ, ਮੂਲ ਤਿਉਹਾਰੀ ਅਤੇ ਆਰਟਸ ਸੰਸਥਾਵਾਂ, ਏਰੀਏ ਦੇ ਬਿਜ਼ਨਸਾਂ ਅਤੇ ਵਸਨੀਕਾਂ ਸਹਿਤ ਏਰੀਏ ਦੇ ਸਟੇਕਹੋਲਡਰਾਂ ਨਾਲ **ਮੁੱਢਲੀਆਂ ਮੀਟਿੰਗਾਂ**



# 8 ਦੁਕਾਨਾਂ+ਸੇਵਾਵਾਂ: ਰਿਟੇਲ ਅਧਿਐਨ

CITY OF VANCOUVER



**ਪੰਜਾਬੀ ਮਾਰਕੀਟ ਇਕ ਮਹੱਤਵਪੂਰਨ ਸੱਭਿਆਚਾਰਕ ਖੇਤਰ ਅਤੇ ਖਰੀਦਦਾਰੀ ਦਾ ਮੁੱਲਵਾਨ ਮਾਹੌਲ ਹੈ। ਪਰੰਤੂ ਪਿਛਲੇ ਕੁਝ ਸਾਲਾਂ 'ਚ ਉਥੇ ਕਈ ਤਰ੍ਹਾਂ ਦੀਆਂ ਤਬਦੀਲੀਆਂ ਨੋਟ ਕੀਤੀਆਂ ਗਈਆਂ ਹਨ।**

## 2018 'ਚ ਇਕ ਰਿਟੇਲ ਬਿਜ਼ਨਸ ਅਧਿਐਨ ਪੂਰਾ ਕੀਤਾ ਗਿਆ। ਅਧਿਐਨ ਦੀਆਂ ਮੂਲ ਲੱਭਤਾਂ 'ਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਮਾਰਕੀਟ 'ਚ ਰਿਟੇਲ ਬਿਜ਼ਨਸਾਂ ਦੀ ਗਿਣਤੀ 2008 ਤੋਂ 2017 ਦਰਮਿਆਨ 48% (46 ਤੋਂ 24) ਤੱਕ ਘਟੀ; (ਨੋਟ: ਪੁਨਰ-ਵਿਕਾਸ ਗਤੀਵਿਧੀਆਂ ਜੋ ਅਧਿਐਨ ਦੇ ਸਮੇਂ ਦੌਰਾਨ ਵਾਪਰ ਰਹੀਆਂ ਸਨ, ਉਨ੍ਹਾਂ ਨੇ ਬਿਜ਼ਨਸ ਦੀ ਕੁੱਲ ਗਿਣਤੀ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ)।
- 1998 ਤੋਂ ਲੈ ਕੇ ਦੱਖਣੀ ਏਸ਼ੀਆਈ ਫੈਸ਼ਨ ਅਤੇ ਜਿਊਲਰਜ਼ ਲਗਾਤਾਰ ਸਾਰੇ ਰਿਟੇਲ ਬਿਜ਼ਨਸਾਂ ਦੀ ਅੱਧੀ ਗਿਣਤੀ ਨਾਲੋਂ ਵੱਧ ਬਣੇ ਰਹੇ; ਭਾਵੇਂ ਕਿ ਦੱਖਣੀ ਏਸ਼ੀਆਈ ਜਿਊਲਰਾਂ ਦੀ ਗਿਣਤੀ ਸਥਿਰ ਰਹੀ ਪਰ ਪਿਛਲੇ ਦਹਾਕੇ 'ਚ ਦੱਖਣੀ ਏਸ਼ੀਆਈ ਫੈਸ਼ਨ ਸਟੋਰਾਂ ਦੀ ਗਿਣਤੀ 55% ਗਿਰ ਚੁੱਕੀ ਹੈ।
- ਤਾਜ਼ਾ ਬੀਤੇ ਵਰ੍ਹਿਆਂ 'ਚ ਪੰਜਾਬੀ ਮਾਰਕੀਟ ਏਰੀਆ ਵਿਸ਼ੇਸ਼ ਵਸਤਾਂ ਅਤੇ ਸੇਵਾਵਾਂ ਲਈ ਆਪਣਾ ਸਥਾਨਕ ਅਤੇ ਦੂਰ-ਦੁਰਾਡੇ ਗਾਹਕਾਂ ਦਾ ਆਧਾਰ ਗੰਵਾ ਰਿਹਾ ਹੈ, ਅਤੇ ਅਜੇ ਇਸਨੂੰ ਗਾਹਕਾਂ ਦੀ ਆਵਾਜਾਈ ਪੈਦਾ ਕਰਨ ਲਈ ਹੋਰ ਢੰਗ ਤਰੀਕੇ ਲੱਭਣੇ ਪੈਣੇ ਹਨ।
- ਇਸ ਏਰੀਏ 'ਚ ਦੱਖਣੀ ਏਸ਼ੀਆਈ ਵਿਦਿਆਰਥੀਆਂ ਦੀ ਵੱਡੀ ਵੱਸੋਂ ਮੁੜ-ਕਲਪਿਤ ਮਾਰਕੀਟ ਅਤੇ ਨਾਲ ਦੀ ਨਾਲ ਭਵਿੱਖਤ ਬਿਜ਼ਨਸ ਮਾਲਕਾਂ ਤੋਂ ਵਿਸ਼ੇਸ਼ ਪ੍ਰਕਾਰ ਦੀਆਂ ਵਸਤਾਂ ਅਤੇ ਸੇਵਾਵਾਂ ਲੈਣ ਵਾਸਤੇ ਸੰਭਾਵਤ ਗਾਹਕ ਬਣਦੀ ਹੈ।
- ਮੌਜੂਦਾ ਰਿਟੇਲ ਮਿਸ਼ਰਣ ਸਥਾਨਕ, ਵਿਜ਼ਟਰ ਜਾਂ ਟੂਰਿਸਟ ਗਾਹਕਾਂ ਨੂੰ ਖਿੱਚਣ ਵਾਸਤੇ ਨਾ-ਕਾਫੀ ਹੈ ਕਿਉਂਕਿ ਉਸੇ ਪ੍ਰਕਾਰ ਦੇ ਰਿਟੇਲਰ ਅਤੇ ਪ੍ਰਾਡਕਟ ਹੋਰ ਥਾਵਾਂ ਤੇ ਵੀ ਲੱਭੇ ਜਾ ਸਕਦੇ ਹਨ। ਇਸੇ ਨਾਲ ਸਬੰਧਤ, 1998 ਤੋਂ 2014 ਦੇ ਦਰਮਿਆਨ ਮੇਨ ਸਟਰੀਟ ਅਤੇ 49 ਐਵੇਨਿਊ ਇੰਟਰਸੈਕਸ਼ਨ 'ਤੇ ਤੁਰਨ ਵਾਲੀ ਆਵਾਜਾਈ 'ਚ 50% ਗਿਰਾਵਟ ਆ ਚੁੱਕੀ ਹੈ।
- ਇਸ ਏਰੀਏ ਨੂੰ ਸਥਾਨਕ (ਮਿਸਾਲ ਵਜੋਂ ਫਰੇਜ਼ਰ ਸਟਰੀਟ ਉਪਰਲੇ, ਨੇੜੇ ਲੱਗਦੇ ਸਾਊਥ ਹਿੱਲ ਬਿਜ਼ਨਸ ਇੰਪਰੂਵਮੈਂਟ ਏਰੀਏ (bia ਵੱਲੋਂ) ਅਤੇ ਖੇਤਰੀ (ਵਾਇਆ ਦੱਖਣੀ ਏਸ਼ੀਆਈ ਕੇਂਦਰਿਤ ਸਰੀ ਅਤੇ ਡੈਲਟਾ ਏਰੀਏ ਵਿਚਲੇ ਬਿਜ਼ਨਸ) ਦੋਹਾਂ ਪੱਧਰਾਂ 'ਤੇ ਵੱਡਾ ਮੁਕਾਬਲਾ ਦਰਪੇਸ਼ ਹੈ।

ਬਿਜ਼ਨਸਾਂ ਦੇ 2019 'ਚ ਅੱਪਡੇਟ ਕੀਤੇ ਇਕ ਮੁਲਾਂਕਣ 'ਚ ਮਿਲਿਆ ਕਿ ਕੁਲ **90** ਬਿਜ਼ਨਸ ਹਨ; ਅਤੇ ਅੰਦਾਜ਼ਨ **76%** ਦੱਖਣੀ ਏਸ਼ੀਆਈ ਅਤੇ ਪੰਜਾਬੀ ਮਲਕੀਅਤ ਵਾਲੇ ਹਨ।

## ਹੇਠ ਲਿਖੇ ਸਵਾਲਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਟਿੱਕੀ ਵਰਤੋ:

1. **ਪੰਜਾਬੀ ਮਾਰਕੀਟ 'ਚ ਵਿਉਪਾਰੀਆਂ ਲਈ ਬਿਜ਼ਨਸ ਹਾਲਤਾਂ 'ਚ ਸੁਧਾਰ ਲਿਆਉਣ ਲਈ ਇਕੱਠੇ ਹੋ ਕੇ ਕੁਝ ਕਰਨ ਦੇ ਕਿਹੜੇ ਮੌਕੇ ਹੋ ਸਕਦੇ ਹਨ?**
2. **ਮਾਰਕੀਟ 'ਚ ਬਿਜ਼ਨਸਾਂ ਦੀ ਸਹਾਇਤਾ ਲਈ ਸਿਟੀ ਕਿਵੇਂ ਮਦਦ ਕਰ ਸਕਦਾ ਹੈ?**

# 9 ਜਨਤਕ ਥਾਂ ਸਬੰਧੀ ਮੌਕੇ

CITY OF VANCOUVER

ਹੇਠ ਲਿਖੇ ਵਿਚਾਰ ਨਿਟਕਵਰਤੀ ਅਤੇ ਲੰਮੇ ਸਮੇਂ ਲਈ ਜਨਤਕ ਥਾਂ ਸਬੰਧੀ ਮੌਕਿਆਂ ਬਾਰੇ ਸੰਭਵ ਪਛਾਣੇ ਗਏ ਹਨ।

**ਤਿੰਨ ਰੰਗਾਂ ਦੇ ਨਿਸ਼ਾਨ ਵਰਤਦਿਆਂ ਹੋਇਆਂ, ਆਪਣੀ ਚੋਣ ਨੂੰ ਪਹਿਲਾ ਦੂਜਾ ਅਤੇ ਤੀਜਾ ਦਰਜ਼ਾ ਦਿਉ।**

= 1st

= 2nd

= 3rd

**ਆਪਣੇ ਸਟਿੱਕਰ ਨੂੰ ਹੇਠਾਂ ਜਗ੍ਹਾ ਵਿੱਚ ਰੱਖੋ**

## ਬੈਨਰ ਪ੍ਰੋਗਰਾਮ

ਸਮਾਂ-ਰੇਖਾ : 2-3 ਮਹੀਨੇ + ਡਿਜ਼ਾਈਨ ਦਾ ਸਮਾਂ

ਅਨੁਮਾਨਤ ਲਾਗਤ : $5,000 - $10,000

ਫੰਡ ਦੇਣ ਵਾਲੇ : ਭਾਈਚਾਰਕ ਸੰਗਠਨ

**ਹੁਣ ਦਰਖਾਸਤਾਂ ਲਈ ਖੁੱਲ੍ਹ ਗਿਆ ਹੈ**

ਖੇਤਰ ਵਿਚ 40 ਮੌਜੂਦਾ ਬੈਨਰ

ਬਿਨੈਕਾਰਾਂ ਲਈ ਅਨੁਮਾਨਤ ਲਾਗਤ:

- ਪਰਮਿਟ ਲਈ $200 ਜਾਂ ਗੈਰ-ਮੁਨਾਫ਼ਾ ਲਈ $0
- ਪ੍ਰਿੰਟਿੰਗ ਅਤੇ ਸਥਾਪਨਾ $4K ਤੋਂ $6K
- ਡਿਜ਼ਾਈਨ ਅਤੇ ਪ੍ਰਸ਼ਾਸਨ ਫ਼ੀਸ $1k ਤੋਂ $4K

ਵਧੇਰੇ ਜਾਣੋ: ਬੈਨਰ ਅਤੇ ਝੰਡੇ

ਸਿਟੀ ਡਿਪਾਰਟਮੈਂਟ : ਇੰਜੀਨਿਅਰਿੰਗ ਸੇਵਾਵਾਂ




## ਕੰਧ ਚਿੱਤਰਕਾਰੀ (ਨਿੱਜੀ ਪ੍ਰਾਪਰਟੀ)

ਸਮਾਂ-ਰੇਖਾ : 1-3 ਮਹੀਨੇ

ਅਨੁਮਾਨਤ ਲਾਗਤ : $5,000 - $15,000

ਫੰਡ ਦੇਣ ਵਾਲੇ : ਭਾਈਚਾਰਕ ਸੰਗਠਨ ਜਾਂ ਸੰਪਤੀ ਦਾ ਮਾਲਕ

**ਹੁਣ ਦਰਖਾਸਤਾਂ ਲਈ ਖੁੱਲ੍ਹ ਗਿਆ ਹੈ**
**ਸਿਟੀ ਕੰਧ ਚਿੱਤਰਕਾਰੀ ਸੰਬੰਧੀ ਸਹਾਇਤਾ ਮੁਹੱਈਆ ਕਰ ਸਕਦਾ ਹੈ**

- $2,000 ਤਕ ਦੇ ਸਮਾਨ ਦੀ ਸਹਾਇਤਾ ਉਪਲਬਧ ਹੈ
- ਪੇਂਟ, ਸਮਾਨ, ਪਾਵਰ ਵਾਸ਼, ਪ੍ਰਾਈਮ, ਕੋਟ ਸੇਵਾਵਾਂ
- ਪ੍ਰਾਪਰਟੀ ਦਾ ਮਾਲਕ ਘੱਟੋ-ਘੱਟ ਦੋ ਸਾਲਾਂ ਤੱਕ ਦੇਖਭਾਲ ਲਈ ਜ਼ਿੰਮੇਵਾਰ ਹੈ
- ਬਿਨੈਕਾਰ ਲਈ ਥਾਂ ਅਤੇ ਕਲਾਕਾਰ ਹਾਸਲ ਕਰਨਾ ਲਾਜ਼ਮੀ ਹੈ

ਵਧੇਰੇ ਜਾਣੋ: ਬਾਹਰੀ ਕੰਧ ਚਿੱਤਰਕਾਰੀ ਬਣਾਓ

ਸਿਟੀ ਡਿਪਾਰਟਮੈਂਟ : ਇੰਜੀਨਿਅਰਿੰਗ ਸੇਵਾਵਾਂ



## ਫੂਡ ਟਰੱਕ

ਸਮਾਂ-ਰੇਖਾ : ਲਾਗੂ ਨਹੀਂ

ਅਨੁਮਾਨਤ ਲਾਗਤ : ਲਾਗੂ ਨਹੀਂ

ਫੰਡ ਦੇਣ ਵਾਲੇ : ਨਿੱਜੀ ਵਪਾਰ

ਰੋਮਿੰਗ ਫੂਡ ਵੈਂਡਿੰਗ ਪਰਮਿਟ ਕਿਸੇ ਅਜਿਹੀ ਵੇਚਣ ਵਾਲੀ ਜਗ੍ਹਾ ਤੋਂ, ਜਿਸਦਾ ਸਥਾਨ ਬਦਲਿਆ ਜਾ ਸਕਦਾ ਹੈ, ਸਿਟੀ ਦੀ ਪ੍ਰਾਪਰਟੀ 'ਤੇ ਭੋਜਨ ਪਦਾਰਥ ਅਤੇ ਬਿਨਾਂ ਅਲਕੋਹਲ ਦੇ ਪੀਣ ਵਾਲੇ ਪਦਾਰਥ ਵੇਚਣ ਦੀ ਇਜਾਜ਼ਤ ਦਿੰਦਾ ਹੈ।

'ਰੋਮਿੰਗ ਸਟ੍ਰੀਟ ਫੂਡ' ਪਰਮਿਟ ਨਾਲ ਰਜਿਸਟਰਡ ਫੂਡ ਟਰੱਕਾਂ ਨੂੰ ਪਹਿਲਾਂ ਹੀ ਪੰਜਾਬੀ ਮਾਰਕੀਟ ਵਿਖੇ ਸੈੱਟਅੱਪ ਕਰਨ ਦੀ ਇਜਾਜ਼ਤ ਹੈ

ਪਰਮਿਟ: $350

ਵਧੇਰੇ ਜਾਣੋ: ਮੋਬਾਈਲ ਫੂਡ ਵੈਂਡਿੰਗ

ਸਿਟੀ ਡਿਪਾਰਟਮੈਂਟ : ਇੰਜੀਨਿਅਰਿੰਗ ਸੇਵਾਵਾਂ



# 10 ਜਨਤਕ ਥਾਂ ਸਬੰਧੀ ਮੌਕੇ

CITY OF VANCOUVER

ਆਪਣੇ ਸਟਿੱਕਰ ਨੂੰ ਹੇਠਾਂ ਜਗ੍ਹਾ ਵਿੱਚ ਰੱਖੋ

= 1st
= 2nd
= 3rd

## ਵਪਾਰਕ ਸਮਾਨ ਦਾ ਪ੍ਰਦਰਸ਼ਨ ਅਤੇ ਪੇਟੀਓ

ਸਮਾਂ-ਰੇਖਾ : ਵੱਖ-ਵੱਖ

ਅਨੁਮਾਨਤ ਲਾਗਤ : ਵੱਖ-ਵੱਖ

ਫੰਡ ਦੇਣ ਵਾਲ : ਨਿੱਜੀ ਵਪਾਰ

ਹੁਣ ਦਰਖ਼ਾਸਤਾਂ ਲਈ ਖੁੱਲ੍ਹ ਗਿਆ ਹੈ

ਇਹ ਪਰਮਿਟ ਕਾਰੋਬਾਰਾਂ ਨੂੰ ਆਪਣੇ ਕਾਰੋਬਾਰ ਦੇ ਸਾਹਮਣੇ (ਸਾਈਡਵਾਕ) ਸੜਕ ਕਿਨਾਰੇ ਦੇ ਪੈਦਲ ਰਸਤਿਆਂ 'ਤੇ ਸਿਟੀ ਵਲੋਂ ਪ੍ਰਵਾਨਿਤ ਉਤਪਾਦ ਪ੍ਰਦਰਸ਼ਿਤ ਕਰਨ ਦਿੰਦਾ ਹੈ (ਜਿਵੇਂ ਕਿ ਫਲ ਅਤੇ ਸਬਜ਼ੀਆਂ ਦੇ ਡੱਬੇ, ਫੁੱਲਾਂ ਦੀਆਂ ਟੋਕਰੀਆਂ, ਕਿਤਾਬਾਂ ਦੇ ਰੈਕ)।

ਸਾਈਡਵਾਕਾਂ 'ਤੇ ਛੋਟੇ ਪੇਟੀਓ (ਦੁਕਾਨ ਦੇ ਬਾਹਰ ਵਾਲ ਸਥਾਨ) ਵਾਲੇ ਕਾਰੋਬਾਰ ਸਾਈਡਵਾਕਾਂ 'ਤੇ ਕੁਰਸੀਆਂ ਲਗਾ ਸਕਦੇ ਹਨ।

ਪਰਮਿਟ: $150 ਤੋਂ ਸ਼ੁਰੂ

ਵਧੇਰੇ ਜਾਣੋ: ਛੋਟਾ ਸਾਈਡਵਾਕ ਪੇਟੀਓ ਪਰਮਿਟ, ਵਪਾਰਕ ਸਮਾਨ ਲਈ ਡਿਸਪਲੇਅ ਪਰਮਿਟ

ਸਿਟੀ ਡਿਪਾਰਟਮੈਂਟ : ਇੰਜੀਨਿਅਰਿੰਗ ਸੇਵਾਵਾਂ




## ਸਟ੍ਰੀਟ ਫਰਨੀਚਰ

ਸਮਾਂ-ਰੇਖਾ : 2-3 ਮਹੀਨੇ

ਅਨੁਮਾਨਤ ਲਾਗਤ : ਵੱਖ-ਵੱਖ

ਫੰਡ ਦੇਣ ਵਾਲ : ਸਿਟੀ ਆਫ ਵੈਨਕੂਵਰ

ਨਵੇਂ ਸਟ੍ਰੀਟ ਫਰਨੀਚਰ ਲਈ ਬੇਨਤੀ ਕਰੋ

VanConnect ਰਾਹੀਂ ਨਵਾਂ ਬੈਂਚ, ਸਾਈਕਲ ਰੈਕ ਜਾਂ ਬੱਸ ਸਟਾਪ ਬੈਂਚ ਲਈ ਬੇਨਤੀ ਕੀਤੀ ਜਾ ਸਕਦੀ ਹੈ

ਸਜਾਵਟੀ ਬਾਈਕ ਰੈਕ

VIVA ਰਾਹੀਂ ਸਿਟੀ ਆਫ ਵੈਨਕੂਵਰ ਆਰਟ ਬਾਈਸਾਈਕਲ ਰੈਕ ($500 ਤੋਂ $1000) ਵੀ ਸਥਾਪਤ ਕਰ ਸਕਦੇ ਹੋ

ਸਿਟੀ ਡਿਪਾਰਟਮੈਂਟ : ਇੰਜੀਨਿਅਰਿੰਗ ਸੇਵਾਵਾਂ



## ਕਲਾਕਾਰ ਨੂੰ ਬੁਲਾਵਾ

### ਦੋ-ਆਯਾਮੀ ਕਲਾਕ੍ਰਿਤੀ, ਕੰਧ ਚਿੱਤਰਕਾਰੀ, ਬੈਨਰ, ਰੈਪ

ਸਮਾਂ-ਰੇਖਾ : 6-7 ਮਹੀਨੇ

ਅਨੁਮਾਨਤ ਲਾਗਤ : $25K ਤੋਂ $150K

ਫੰਡ ਦੇਣ ਵਾਲ : ਸਿਟੀ ਆਫ ਵੈਨਕੂਵਰ

ਅਸਥਾਈ ਤੌਰ 'ਤੇ ਪੱਟ ਕੀਤੀ ਕੰਧ ਚਿੱਤਰਕਾਰੀ ਅਤੇ ਦੋ-ਆਯਾਮੀ ਕਲਾਕ੍ਰਿਤੀ ਨੂੰ ਪੰਜਾਬੀ ਮਾਰਕੀਟ ਸਥਾਪਤ ਕਰਨ ਲਈ ਆਰਟਿਸਟ ਕਾਲ ਬਾਰੇ ਪਤਾ ਲਗਾਓ

- ਬੈਨਰ
- ਥਰਮੋਪਲਾਸਟਿਕ ਸਾਈਡਵਾਕ ਕਲਾ
- ਕੰਧ ਚਿੱਤਰਕਾਰੀ
- ਆਰਟ ਰੈਪ

ਸਿਟੀ ਡਿਪਾਰਟਮੈਂਟ : ਸਭਿਆਚਾਰਕ ਸੇਵਾਵਾਂ, ਇੰਜੀਨਿਅਰਿੰਗ ਸੇਵਾਵਾਂ



## ਕਮਿਉਨਿਟੀ ਆਰਟ ਗ੍ਰਾਂਟ

ਸਮਾਂ-ਰੇਖਾ : ਜਨਵਰੀ 2020 ਵਿਚ ਦਰਖ਼ਾਸਤ ਦਿਓ

ਅਨੁਮਾਨਤ ਲਾਗਤ : ਵੱਖ-ਵੱਖ

ਫੰਡ ਦੇਣ ਵਾਲ : ਸਿਟੀ ਆਫ ਵੈਨਕੂਵਰ

ਹਰ ਸਾਲ, ਸਿਟੀ ਆਫ ਵੈਨਕੂਵਰ ਅਤੇ ਵੈਨਕੂਵਰ ਪਾਰਕ ਬੋਰਡ ਬਹੁਤ ਸਾਰੇ ਗ੍ਰਾਂਟ ਪ੍ਰੋਗਰਾਮਾਂ ਦੇ ਰਾਹੀਂ ਗੈਰ-ਮੁਨਾਫ਼ਾ ਕਲਾ, ਸਭਿਆਚਾਰਕ ਸੰਸਥਾਵਾਂ ਅਤੇ ਕਲਾਕਾਰਾਂ ਨੂੰ $11 ਮਿਲੀਅਨ ਤੋਂ ਵੱਧ ਦਿੰਦੇ ਹਨ।

ਵਧੇਰੇ ਜਾਣੋ: ਕਮਿਊਨਿਟੀ ਆਰਟ ਗ੍ਰਾਂਟ ਪ੍ਰੋਗਰਾਮ

ਸਿਟੀ ਡਿਪਾਰਟਮੈਂਟ : ਸਭਿਆਚਾਰਕ ਸੇਵਾਵਾਂ



ਸਰੋਤ: diwalifest.ca

CITY OF VANCOUVER

ਆਪਣੇ ਸਟਿੱਕਰ ਨੂੰ ਹੇਠਾਂ ਜਗ੍ਹਾ ਵਿੱਚ ਰੱਖੋ

= 1st
= 2nd
= 3rd

## ਪੇਵਮੈਂਟ ਟੂ ਪਲਾਜ਼ਾ ਪ੍ਰੋਗਰਾਮ

ਸਮਂ -ਰੇਖ : 2-3 ਮਹੀ ਨੇ ਤੋਂ 12 ਮਹੀ ਨ
ਅਨਮ ਨਤ ਲ ਗਤ : $30K ਤੋਂ $130K
ਫਡਦੇਣਵ ਲ : ਸਿਟੀ ਆਫ ਵੈਨਕੂਵਰ

ਆਵ ਜ ਈ ਦੇ ਟਿਕ ਉ ਢਗਂ ਨ ਉਿਸ ਹਿਤ ਕਰਦੇ ਹੋਏ ਜਸੇ ਕੀਆ ਥਂ ਵਂ, ਪਬਲਿਕ ਪਲ ਜ਼ ਸਥ ਨਕ ਕ ਰੋਬ ਰਂ ਦ ਸਮਰਥਨ ਕਰ ਸਕਦੇ ਹਨ।

ਪੜਚੋਲ ਕਰੋ
- 1 ਦਿਨ ਦੇ 'ਪੋਪ-ਅਪ' ਪ ਇਲਟ ਪਲ ਜ਼ ਰੋ ਇਕ ਲੜੀ
- ਅੰਤਰਿਮ ਪਲ ਜ਼ ਸਪੇਸ (3-5 ਸ ਲ ਰੋ ਜੋ ਵਨ-ਮਿਆਦ)

ਵਧੇਰੇ ਜ ਣੋ: ਪੇਵਮੈਂਟ-ਟੂ-ਪਲ ਜ਼

ਸਿਟੀ ਡਿਪ ਰਟਮੈਂਟ : ਇੰਜੀ ਨਿਅਰਿੰਗ ਸੇਵ ਵਂ



## ਪਾਰਕਲੇਟ

ਸਮਂ -ਰੇਖ : 12 ਤੋਂ 18 ਮਹੀ ਨ
ਅਨਮ ਨਤ ਲ ਗਤ : $40K ਤੋਂ $80K
ਫਡਦੇਣਵ ਲ : ਸਿਟੀ ਆਫ ਵੈਨਕੂਵਰ

ਸੜਕ ਦੇ ਪ ਰਕਿੰਗ ਨ ਜਨਤਕ ਸਥ ਨਂ ਵਿਚ ਬਦਲ। ਪ ਰਕਲਟ ਆਮ ਤੌਰ ਤੇ ਪ ਰਕਿੰਗ ਵ ਲੇ ਥਂ ਤੇ ਇਕ ਵਧ ਇਆ ਗਿਆ ਪਲ ਟਫ ਰਮ ਹੁੰਦ ਹੈ ਅਤੇ ਇਸ ਵਿਚ ਬੈਂਚ, ਟੇਬਲ, ਕੁਰਸੀ ਆਂ, ਲ ਡਸਕੇਪਿੰਗ ਅਤੇ ਸ ਈਕਲ ਪਰਕਿੰਗ ਸ਼ ਮਲ ਹੋ ਸਕਦੇ ਹਨ।

ਸਥ ਨਕ ਡਿਜ਼ ਈਨਰਾਂ ਦੁਆਰਾ ਤਿਆਰ ਕੀ ਤਾ ਅਤੇ ਬਣਾ ਇਆ ਜਂ ਦਾ ਹੈ।

ਵਧੇਰੇ ਜ ਣੋ: ਪ ਰਕਲਟ

ਸਿਟੀ ਡਿਪ ਰਟਮੈਂਟ : ਇੰਜੀ ਨਿਅਰਿੰਗ ਸੇਵ ਵਂ



## ਸਜਾਵਟੀ ਲਾਈਟਾਂ

ਸਮਂ -ਰੇਖ : 18 ਮਹੀ ਨ ਦ ਮੁਲਂ ਕਣ
ਅਨਮ ਨਤ ਲ ਗਤ : ਬਦਲਦ ਰਹਿਦ ਹੈ
ਫਡਦੇਣਵ ਲ : ਭ ਈਚ ਰਕ ਸਗਠਨ

ਇੰਜੀ ਨੇ ਅਰਿੰਗ ਸੇਵ ਵਂ ਦੇ ਮੁਲਂ ਕਣ ਦੀ ਰਿਪੋ ਰਟ ਦੀ ਆਮ ਲਾਗਤ $50K

ਬੁਨਿਆਦੀ ਢਾਂ ਚੇ ਦੇ ਲ ਗਤ ਬਹੁ ਤ ਜ਼ਿਆਦਾ ਵਖ-ਵਖ ਹੋ ਸਕਦੇ ਹੈ

ਸਿਟੀ ਡਿਪ ਰਟਮੈਂਟ : ਇੰਜੀ ਨਿਅਰਿੰਗ ਸੇਵ ਵਂ


ਸਰੋਤ: robsonstreet.ca/2018/12/winter-lights-make-downtown-vancouver-merry-and-bright/



ਅਸੀਂ ਜਾਣਨਾਂ ਚਾਹਾਂਗੇ ਕਿ ਇੰਨ੍ਹਾਂ 'ਚੋਂ ਕਿਹੜਾ ਵਿਚਾਰ ਤੁਸੀਂ ਸਭ ਤੋਂ ਵੱਧ ਪਸੰਦ ਕਰਦੇ ਹੋ। ਇਸ ਮੌਕੇ ਇੰਨ੍ਹਾਂ ਆਈਟਮਾਂ ਲਈ ਕੋਈ ਮਨਜ਼ੂਰ ਬੱਜਟ ਨਹੀਂ ਹੈ – ਪਰੰਤੂ ਅਸੀਂ ਇਸ ਜਾਣਕਾਰੀ ਨੂੰ ਇਹ ਪਛਾਣ ਕਰਨ ਲਈ ਵਰਤਾਂਗੇ ਕਿ ਕਮਿਊਨਿਟੀ ਦੀਆਂ ਪ੍ਰਾਥਮਿਕਤਾਵਾਂ ਕਿੱਥੇ ਰੱਖੀਆਂ ਜਾਂਦੀਆਂ ਹਨ।

# 12 ਇਕ ਸਹਿਯੋਗੀ ਕਮਿਊਨਿਟੀ ਪ੍ਰਕਿਰਿਆ

CITY OF VANCOUVER




ਸਿਟੀ ਕੌਂਸਲ ਨੇ ਸਟਾਫ ਨੂੰ ਮਾਰਕੀਟ ਦੇ ਭਵਿੱਖ ਦੀ ਕਲਪਨਾ ਕਰਨ ਲਈ "ਇਕ ਸਹਿਯੋਗੀ ਅਤੇ ਭਾਗੀਦਾਰ" ਕਿਸਮ ਦੀ ਯੋਜਨਾਂਬੰਦੀ ਪ੍ਰਕਿਰਿਆ ਦੇ ਮੌਕਿਆਂ ਦਾ ਮੁਲਾਂਕਣ ਕਰਨ ਲਈ ਨਿਰਦੇਸ਼ ਦਿੱਤੇ ਹਨ।

## ਸਟਾਫ ਅਜੇ ਵੀ ਪ੍ਰਕਿਰਿਆ ਦੇ ਇਸ ਹਿੱਸੇ 'ਤੇ ਕੰਮ ਕਰ ਰਿਹਾ ਹੈ। ਕੁਝ ਸੰਭਾਵਤ ਵਿਚਾਰ ਇਹ ਹਨ:

1. **ਇਤਿਹਸਾਸਕ ਪ੍ਰਸੰਗ ਦੀ ਸਟੇਟਮੈਂਟ** – ਅਗਲੇ ਕੁਝ ਮਹੀਨਿਆਂ 'ਚ ਸ਼ੁਰੂ ਹੋਣ ਵਾਲੀ ਇਹ ਪ੍ਰਕਿਰਿਆ ਪੰਜਾਬੀ ਮਾਰਕੀਟ ਵਿਚ ਮੂਲ ਸਮਾਜਿਕ ਅਤੇ ਸੱਭਿਆਚਾਰਕ ਸੰਪਤੀਆਂ ਦੀ ਪਛਾਣ ਕਰੇਗੀ ਅਤੇ ਮਾਰਕੀਟ ਦੀ ਇਤਿਹਾਸਕ (ਅਤੇ ਅਜੋਕੀ) ਮਹਾਨਤਾ ਨੂੰ ਦਰਸਾਉਣ ਲਈ ਇਕ ਸਟੇਟਮੈਂਟ ਤਿਆਰ ਕਰੇਗੀ।




2. **ਸ਼ਹਿਰ–ਵਿਆਪੀ ਯੋਜਨਾਂ** - ਸਿਟੀ ਸਟਾਫ ਇਸ ਸਮੇਂ ਸ਼ਹਿਰ-ਵਿਆਪੀ ਯੋਜਨਾਂ ਦੀ ਜਨਤਕ ਸ਼ੁਰੂਆਤ ਦੀ ਤਿਆਰੀ ਕਰ ਰਿਹਾ ਹੈ – ਜਿਸਦਾ ਦਾ ਉਦੇਸ਼ ਸ਼ਹਿਰ ਦੇ ਭਵਿੱਖ ਲਈ ਰਣਨੀਤਕ ਦਿਸ਼ਾ ਨਿਰਧਾਰਨ ਹੋਵੇਗਾ। ਆਰੰਭਕ ਜਨਤਕ ਰੁਝੇਵੇਂ ਜੋ 2019 ਦੇ ਅੰਤ/2020 ਦੇ ਸ਼ੁਰੂ 'ਚ ਸ਼ੁਰੂ ਹੋਣ ਦੀ ਆਸ ਹੈ, "ਸ਼ਹਿਰ ਜੋ ਅਸੀਂ ਚਾਹੁੰਦੇ ਹਾਂ" ਸਬੰਧੀ ਮੂਲ ਕੀਮਤਾਂ ਦੀ ਪਛਾਣ ਕਰਨ 'ਤੇ ਕੇਂਦਰਤ ਹੋਣਗੇ। ਇਸ ਨਾਲ ਸਬੰਧਤ ਗਤੀਵਿਧੀਆਂ ਦੀ ਪੰਜਾਬੀ ਮਾਰਕੀਟ ਏਰੀਏ ਦੇ ਕਮਿਊਨਿਟੀ ਮੈਂਬਰਾਂ ਲਈ ਵਿਵਸਥਾ ਕੀਤੀ ਜਾ ਸਕਦੀ ਹੈ।




3. **ਪੰਜਾਬੀ ਮਾਰਕੀਟ ਲਈ ਵਿਸ਼ੇਸ਼ ਸਮਾਗਮ** – ਮਾਰਕੀਟ ਦੇ ਭਵਿੱਖ ਦੀ ਕਲਪਨਾਂ ਕਰਨ 'ਚ ਕਮਿਊਨਿਟੀ ਮੈਂਬਰਾਂ ਨੂੰ ਸ਼ਾਮਲ ਕਰਨ ਲਈ 50ਵੀਂ ਵਰ੍ਹੇਗੰਢ ਦੇ ਸਮਾਗਮਾਂ ਨਾਲ ਸਬੰਧਤ ਹੋਰ ਗਤੀਵਿਧੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।



## ਇਨ੍ਹਾਂ ਗਤੀਵਿਧੀਆਂ ਸਬੰਧੀ ਵਧੇਰੇ ਵਿਸਥਾਰ ਅਗਲੇ ਕੁਝ ਮਹੀਨਿਆਂ 'ਚ ਸਾਂਝੇ ਕੀਤੇ ਜਾਣਗੇ।

# 13 ਕਿਰਪਾ ਕਰਕੇ ਸੰਪਰਕ 'ਚ ਰਹੋ!

CITY OF VANCOUVER




**ਅਗਲੇ ਸਮੇਂ ਦੌਰਾਨ ਪੰਜਾਬੀ ਮਾਰਕੀਟ ਨਾਲ ਸਬੰਧਤ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਕਈ ਸਾਰੇ ਮੌਕੇ ਹੋਣਗੇ**

## ਸਮੇਤ:

- 50ਵੀਂ ਵਰ੍ਹੇਗੰਢ ਜ਼ਸ਼ਨਾਂ ਦੇ ਸਮਾਗਮ
- ਇਤਿਹਾਸਕ ਪ੍ਰਸੰਗ ਦੀ ਸਟੇਟਮੈਂਟ
- ਸ਼ਹਿਰ-ਵਿਆਪੀ ਯੋਜਨਾਂਬੰਦੀ ਦਾ ਕੰਮ
- ਮਾਰਕੀਟ ਦੇ ਭਵਿੱਖ ਲਈ ਯੋਜਨਾਂਬੰਦੀ




ਕੁੰਜੀਵਤ ਸਮਾਗਮਾਂ ਅਤੇ ਪਹਿਲਕਦਮੀਆਂ ਬਾਰੇ ਜਾਣੂੰ ਹੁੰਦੇ ਰਹਿਣ ਲਈ ਕਿਰਪਾ ਕਰਕੇ **ਸਾਡੀ ਮੇਲੰਗਿ ਲਿਸਟ ਨਾਲ ਸਾਈਨ-ਅੱਪ ਕਰਨਾਂ** ਯਕੀਨੀ ਬਣਾਉ। ਇਸ ਮਹੱਤਵਪੂਰਨ ਜਗਾਹ ਦੇ ਭਵਿੱਖ ਨੂੰ ਸ਼ਕਲ ਦੇਣ 'ਚ ਸਹਾਇਤਾ ਕਰੋ!

## ਸਾਡੇ ਨਾਲ ਸੰਪਰਕ ਕਰੋ:

punjabimarket@vancouver.ca

vancouver.ca/punjabimarket